

practical ways parents can boost learning

# ਭਾਸ਼ਾ ਦੀ ਮੁਹਾਰਤ ਵਧਾਉਣ ਲਈ ਆਪਣੀ ਪਹਿਲੀ ਭਾਸ਼ਾ ਨੂੰ ਕਿਵੇਂ ਵਰਤੀਏ

ਪ੍ਰਾਇਮਰੀ ਦਰਜਿਆਂ ਲਈ

ਬਹੁਤ ਸਾਰੇ ਬੱਚੇ ਘਰ ਵਿੱਚ ਪਹਿਲਾਂ ਅੰਗ੍ਰੇਜ਼ੀ ਤੋਂ ਇਲਾਵਾ ਕੋਈ ਹੋਰ ਬੋਲੀ ਬੋਲਣਾ ਸਿੱਖਦੇ ਹਨ। ਇੱਕ ਮਾਂ-ਬੋਲੀ ਦੀ ਡੂੰਘੀ ਜਾਣਕਾਰੀ ਬੱਚਿਆਂ ਨੂੰ ਅੰਗ੍ਰੇਜ਼ੀ ਚੰਗੀ ਤਰਾਂ ਸਿੱਖਣ ਵਿੱਚ ਮਦਦ ਕਰਦੀ ਹੈ।

## ਆਪਣੇ ਬੱਚੇ ਨੂੰ ਮਾਂ-ਬੋਲੀ ਦਾ ਅਭਿਆਸ ਕਰਵਾਉ

ਭਾਵੇਂ ਅੰਗ੍ਰੇਜ਼ੀ ਸਿੱਖਣਾ ਮਹੱਤਵਪੂਰਣ ਹੈ, ਤੁਹਾਡੇ ਬੱਚੇ ਦਾ ਆਪਣੀ ਮਾਂ-ਬੋਲੀ ਵਿੱਚ ਗੱਲ ਕਰਨਾ ਵੀ ਬਹੁਤ ਜ਼ਰੂਰੀ ਹੈ। ਇਸ ਨਾਲ ਉਸਨੂੰ ਅੰਗ੍ਰੇਜ਼ੀ ਜਲਦੀ ਸਿੱਖਣ ਵਿੱਚ ਮਦਦ ਮਿਲੇਗੀ। ਮਾਂ-ਬੋਲੀ ਵਿੱਚ ਚੰਗੀ ਮੁਹਾਰਤ ਹੋਣ ਨਾਲ ਸਵੈ-ਵਿਸ਼ਵਾਸ ਵਧਦਾ ਹੈ। ਹੇਠਾਂ ਕੁੱਝ ਅਜਿਹੀਆਂ ਗੱਲਾਂ ਬਿਆਨ ਕੀਤੀਆਂ ਗਈਆਂ ਹਨ ਜੋ ਤੁਸੀਂ ਆਪਣੇ ਬੱਚੇ ਨਾਲ ਮਾਂ-ਬੋਲੀ ਵਿੱਚ ਕਰ ਸਕਦੇ ਹੋ:

- ਇਕੱਠੇ ਗੱਲਾਂ ਕਰੋ ਅਤੇ ਪਰਿਵਾਰਕ ਤਜਰਬੇ ਸਾਂਝੇ ਕਰੋ
- ਪਰਿਵਾਰ ਦੇ ਮੈਂਬਰਾਂ ਨੂੰ ਚਿੱਠੀਆਂ ਲਿਖੋ
- ਸਕੂਲ ਦੇ ਕੰਮ ਦੀ ਪੜਚੋਲ ਇਕੱਠਿਆਂ ਕਰੋ
- ਅਲੱਗ-ਅਲੱਗ ਕਿਸਮ ਦੀ ਸਾਮੱਗਰੀ ਪੜ੍ਹੋ
- ਕਿਤਾਬਾਂ, ਫਿਲਮਾਂ, ਟੀ ਵੀ ਪ੍ਰੋਗਰਾਮਾਂ ਅਤੇ ਸਮਾਗਮਾਂ ਬਾਰੇ ਵਿਚਾਰ ਕਰੋ
- ਨਿਯਮਤ ਤੌਰ ਤੇ ਲਾਇਬ੍ਰੇਰੀ ਜਾਉ ਅਤੇ ਆਪਣੇ ਬੱਚੇ ਦੀ ਪਹਿਲੀ ਭਾਸ਼ਾ ਵਿੱਚ ਜਾਂ ਅੰਗ੍ਰੇਜ਼ੀ ਵਿੱਚ ਕਿਤਾਬਾਂ ਲਿਆਉ
- ਆਪਣੇ ਬੱਚੇ ਦੇ ਸ਼ੌਕਾਂ ਅਤੇ ਦਿਲਚਸਪੀਆ ਨੂੰ ਉਤਸ਼ਾਹਿਤ ਕਰੋ



## ਵੱਖੋ-ਵੱਖਰੀਆਂ ਗਤੀਵਿਧੀਆਂ ਅੰਗ੍ਰੇਜ਼ੀ ਦੀ ਮੁਹਾਰਤ ਵਧਾਉਣ ਵਿੱਚ ਮਦਦ ਕਰਦੀਆਂ ਹਨ

ਹਰ ਰੋਜ਼ ਆਪਣੇ ਬੱਚੇ ਲਈ ਫੁਰਸਤ ਕੱਢਕੇ ਤੁਸੀਂ ਅੰਗ੍ਰੇਜ਼ੀ ਸਿੱਖਣ ਵਿੱਚ ਉਸਦੀ ਮਦਦ ਕਰ ਸਕਦੇ ਹੋ। ਅੰਗ੍ਰੇਜ਼ੀ ਭਾਸ਼ਾ ਦੀ ਮੁਹਾਰਤ ਵਧਾਉਣ ਲਈ ਹੇਠਾਂ ਕੁੱਝ ਗਤੀਵਿਧੀਆਂ ਦੱਸੀਆਂ ਗਈਆਂ ਹਨ:

- ਹਰ ਰੋਜ਼ ਆਪਣੇ ਬੱਚੇ ਨਾਲ ਵੱਖ-ਵੱਖ ਤਰਾਂ ਦੀ ਸਾਮੱਗਰੀ ਪੜ੍ਹੋ. ਤੁਸੀਂ ਕਿਤਾਬਾਂ, ਰਸਾਲੇ, ਅਖਬਾਰਾਂ ਜਾਂ ਮੈਨੂਅਲ ਪੜ੍ਹ ਸਕਦੇ ਹੋ।
- ਜੋ ਕੁੱਝ ਤੁਸੀਂ ਇਕੱਠਿਆਂ ਪੜ੍ਹਿਆ ਹੈ, ਉਸ ਬਾਰੇ ਵਿਚਾਰ ਕਰੋ। ਉਸਨੂੰ ਪੁੱਛੋ ਕਿ ਕਹਾਣੀ ਵਿੱਚ ਉਸਨੂੰ ਕੀ ਚੰਗਾ ਲੱਗਾ।
- ਲਿਖਣ ਦਾ ਅਭਿਆਸ ਕਰੋ. ਆਪਣੇ ਬੱਚੇ ਨੂੰ ਕਹੋ ਕਿ ਉਹ ਸੂਚੀਆਂ ਬਣਾਵੇ, ਨੋਟ ਲਿਖੇ ਜਾਂ ਡਾਇਰੀ ਲਿਖੇ।
- ਆਪਣੇ ਬੱਚੇ ਨਾਲ ਗੱਲਾਂ-ਬਾਤਾਂ ਕਰੋ। ਕਿਸੇ ਵੀ ਭਾਸ਼ਾ ਵਿੱਚ ਬੋਲਣਾ ਅਤੇ ਸੁਣਨਾ ਬਹੁਤ ਮਹੱਤਵਪੂਰਣ ਗੁਣ ਹਨ।
- ਨਿਤਾਪ੍ਰਤੀ ਦੀਆਂ ਗਤੀਵਿਧੀਆਂ ਲਈ ਸ਼ਬਦਾਵਲੀ ਬਣਾਉ ਅਤੇ ਉਸਨੂੰ ਵਰਤੋ। ਆਪਣੇ ਬੱਚੇ ਨੂੰ ਕਹੋ ਕਿ ਤੁਹਾਨੂੰ ਗਰੋਸਰੀ ਸਟੋਰ ਵਿਖੇ ਮੌਜੂਦ ਵੱਖ-ਵੱਖ ਚੀਜ਼ਾਂ, ਖਾਣਾ ਬਣਾਉਣ ਵੇਲੇ ਵਰਤੇ ਜਾਂਦੇ ਵੱਖ-ਵੱਖ ਪਦਾਰਥਾਂ ਅਤੇ ਭਾਂਡਿਆਂ, ਅਤੇ ਟੀ ਵੀ ਜਾਂ ਪਾਰਕ ਵਿਖੇ ਉਸ ਵੱਲੋਂ ਵੇਖੀਆਂ ਚੀਜ਼ਾਂ ਦੇ ਨਾਂ ਦੱਸੇ।
- ਆਪਣੇ ਬੱਚੇ ਨਾਲ ਉਸਦੀ ਸਿੱਖਿਆ ਆਨੰਦਾਇਕ ਬਣਾਉ। ਟੈਲੀਵਿਯਨ ਵੇਖਣ, ਵਿਡੀਓ ਖੇਡਾਂ ਖੇਡਣ ਜਾਂ ਇੰਟਰਨੈੱਟ ਵੇਖਣ ਲਈ ਉਸ ਵੱਲੋਂ ਬਿਤਾਇਆ ਗਿਆ ਸਮਾਂ ਸੀਮਤ ਕਰ ਦਿਉ। ਇਸ ਦੇ ਬਜਾਏ ਉਸ ਨਾਲ ਖੇਡਾਂ ਖੇਡੋ, ਗਾਣੇ ਗਾਉ, ਨੱਚੋ ਜਾਂ ਇਕੱਠਿਆਂ ਕੋਈ ਹੋਰ ਸਰੀਰਕ ਗਤੀਵਿਧੀ ਕਰੋ।



## ਈ ਐੱਸ ਐੱਲ ਬਾਰੇ ਤੱਥ

ਅੰਗ੍ਰੇਜ਼ੀ ਨੂੰ ਕਿਸੇ ਦੂਜੀ ਭਾਸ਼ਾ ਵੱਜੋਂ ਸਿੱਖਣ (ਈ ਐੱਸ ਐੱਲ) ਦੇ ਚਾਰ ਪੜਾਅ ਹਨ:

| | |
|---|---|
| ਪੜਾਅ 1: | ਗੁਜ਼ਾਰੇ ਵਾਸਤੇ |
| ਪੜਾਅ 2: | ਜਾਣੀਆਂ-ਪਛਾਣੀਆਂ ਗਤੀਵਿਧੀਆਂ ਅਤੇ ਸੰਦਰਭਾਂ ਲਈ |
| ਪੜਾਅ 3: | ਬਹੁਤੇ ਸੰਦਰਭਾਂ ਵਿੱਚ ਆਮ ਤੌਰ ਤੇ ਆਜ਼ਾਦ |
| ਪੜਾਅ 4: | ਅੰਗ੍ਰੇਜ਼ੀ ਬੋਲਣ ਵਾਲਿਆਂ ਨਾਲ ਗੱਲ ਕਰਨ ਵਿੱਚ ਮੁਹਾਰਤ |

## ਕੀ ਤੁਸੀਂ ਜਾਣਦੇ ਹੋ:

- ਨਿਤਾਪ੍ਰਤੀ ਦੀ ਅੰਗ੍ਰੇਜ਼ੀ ਸਿੱਖਣ ਲਈ 1-2 ਸਾਲ ਲੱਗਦੇ ਹਨ।
- ਸਕੂਲ ਵਿੱਚ ਕਾਮਯਾਬ ਹੋਣ ਵਾਸਤੇ ਲੁੜੀਂਦੀ ਅੰਗ੍ਰੇਜ਼ੀ ਸਿੱਖਣ ਲਈ ਘੱਟੋ-ਘੱਟ ਸੱਤ ਸਾਲ ਲੱਗਦੇ ਹਨ।
- ਅੰਗ੍ਰੇਜ਼ੀ ਸਿੱਖਣ ਦੇ ਮੁਢਲੇ ਪੜਾਵਾਂ ਦੌਰਾਨ ਤੇਜ਼ ਰਫਤਾਰ ਅਤੇ "ਖਾਮੋਸ਼ੀ" ਦੇ ਦੌਰ ਆਉਂਦੇ ਹਨ।
- ਅੰਗਰੇਜ਼ੀ ਸਿੱਖਣ ਦਾ ਮਤਲਬ ਹੈ ਅੰਗ੍ਰੇਜ਼ੀ ਸਿੱਖਣਾ ਅਤੇ ਇਸਨੂੰ ਹਿਸਾਬ, ਵਿਗਿਆਨ ਅਤੇ ਸਮਾਜਿਕ ਸਿੱਖਿਆ ਵਿੱਚ ਵਰਤਣਾ।
- ਦੋ ਜਾਂ ਵਧੇਰੇ ਭਾਸ਼ਾਵਾਂ ਜਾਨਣ ਨਾਲ ਦਿਮਾਗ ਦੇ ਵਿਕਾਸ ਵਿੱਚ ਲਾਭ ਹੁੰਦਾ ਹੈ।
- ਦ ਮਿਸੀਸਾਗਾ ਪਬਲਿਕ ਲਾਇਬ੍ਰੇਰੀ ਵਿੱਚ 22 ਤੋਂ ਵੀ ਵਧੇਰੇ ਭਾਸ਼ਾਵਾਂ ਵਿੱਚ ਪੁਸਤਕਾਂ ਹਨ। ਘਰ ਵਿੱਚ ਬੋਲੀ ਜਾਣ ਵਾਲੀ ਭਾਸ਼ਾ ਵਿੱਚ ਪੁਸਤਕਾਂ ਹਾਸਿਲ ਕਰਨ ਲਈ ਆਪਣੀ ਸਥਾਨਕ ਲਾਇਬ੍ਰੇਰੀ ਦੀ ਵਰਤੋਂ ਕਰੋ।
- ਚੰਗਾ ਭੋਜਨ, ਕਸਰਤ, ਵਕਤ ਸਿਰ ਕੰਮ ਕਰਨ ਅਤੇ ਸੌਣ ਦੀ ਆਦਤ ਬੱਚੇ ਦੀ ਸਕੂਲ ਵਿੱਚ ਸਿਖਲਾਈ ਲਈ ਬਹੁਤ ਜ਼ਰੂਰੀ ਹਨ। "ਸਿਹਤਮੰਦ ਸਰੀਰ ਵਿੱਚ ਹੀ ਸਿਹਤਮੰਦ ਦਿਮਾਗ ਹੁੰਦਾ ਹੈ।"
- ਤੁਹਾਡੇ ਬੱਚੇ ਦੇ ਡਾਕਟਰ ਕੋਲ ਨਿਯਮਤ ਤੌਰ ਤੇ ਜਾਣ ਨਾਲ ਸੁਣਨ-ਸ਼ਕਤੀ, ਨਿਗਾਹ ਅਤੇ ਅਲਰਜੀਆਂ ਦੀ ਨਿਯਮਤ ਜਾਂਚ ਹੁੰਦੀ ਰਹੇਗੀ।
- ਜਦੋਂ ਬੱਚਾ ਝਗੜਿਆਂ ਵਾਲੇ ਮਾਹੌਲ, ਪਰਿਵਾਰਕ ਮੁਸ਼ਕਲਾਂ ਜਾਂ ਧੱਕੇਸ਼ਾਹੀ ਨਾਲ ਸਿੱਝਦਾ ਰਿਹਾ ਹੋਵੇ, ਤਾ ਉਸ ਲਈ ਸਿੱਖਣਾ ਮੁਸ਼ਕਿਲ ਹੁੰਦਾ ਹੈ।

## ਹੇਠ ਲਿਖੇ ਤੱਤਾਂ ਦਾ ਇਸ ਗੱਲ ਤੇ ਅਸਰ ਹੁੰਦਾ ਹੈ ਕਿ ਤੁਹਾਡਾ ਬੱਚਾ ਕਿੰਨੀ ਜਲਦੀ ਅੰਗ੍ਰੇਜ਼ੀ ਸਿੱਖਦਾ ਹੈ:

- ਉਮਰ
- ਪਿਛੋਕੜ
- ਤੁਸੀਂ ਕਿੰਨੀ ਦੇਰ ਤੋਂ ਕਨੇਡਾ ਵਿੱਚ ਰਹਿ ਰਹੇ ਹੋ
- ਕਨੇਡੀਅਨ ਸੱਭਿਆਚਾਰ ਪ੍ਰਤੀ ਤੁਹਾਡਾ ਕਿੰਨਾ ਝੁਕਾਅ ਹੈ
- ਵਿੱਦਿਆ
- ਘਰ ਵਿੱਚ ਬੋਲੀ ਜਾਣ ਵਾਲੀ ਭਾਸ਼ਾ/ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ
- ਘਰ ਵਿੱਚ ਬੋਲੀਆਂ ਜਾਣ ਵਾਲੀ ਭਾਸ਼ਾ/ ਵਾਲੀਆਂ ਭਾਸ਼ਾਵਾਂ ਦੀ ਮੁਹਾਰਤ
- ਅੰਗ੍ਰੇਜ਼ੀ ਮਾਧਿਅਮ ਵਿੱਚ ਪਹਿਲਾਂ ਹਾਸਿਲ ਕੀਤੀ ਸਕੂਲੀ ਸਿੱਖਿਆ
- ਸਿੱਖਣ ਵਿੱਚ ਵਖਰੇਵੇਂ (ਉਦਾਹਰਣ ਵੱਜੋਂ ਬਹੁਤ ਚੁਸਤ, ਸੁਣਨ ਵਿੱਚ ਮੁਸ਼ਕਲ, ਸਿੱਖਣ ਦੇ ਵੱਖ-ਵੱਖ ਤਰੀਕੇ)

## ਤਜ਼ਵੀਜ਼ਸੁਦਾ ਵੈੱਬਸਾਈਟਾਂ:

www.linktolearning.com
(ਸਭਨਾ ਦਰਜਿਆਂ ਅਤੇ ਮਜਬੂਨਾਂ ਲਈ)

www.bilingual-supplies.co.uk
(ਵੱਖ-ਵੱਖ ਭਾਸ਼ਾਵਾਂ ਵਿੱਚ ਪੁਸਤਕਾ)

www.multilingualbooks.com/children.html
(ਵੱਖ-ਵੱਖ ਭਾਸ਼ਾਵਾਂ ਵਿੱਚ ਪੁਸਤਕਾ)

www.laukart.de/multisite/index.php
(24 ਭਾਸ਼ਾਵਾਂ ਵਿੱਚ ਗਾਣਿਆਂ ਦੀ ਬਹੁ-ਭਾਸ਼ੀ ਕਿਤਾਬ)

www.edu.gov.on.ca
(ਓਨਟੇਰੀਓ ਮਨਿਸਟਰੀ ਆਫ ਐਜੂਕੇਸ਼ਨ ਦੇ ਦਸਤਾਵੇਜ)

www.settlement.org/edguide
(ਦ ਨਿਊਕਮਰਜ਼ ਗਾਈਡ ਟੂ ਐਲੀਮੈਂਟਰੀ ਸਕੂਲਜ਼ ਇਨ ਓਨਟੇਰੀਓ – ਕਈ ਭਾਸ਼ਾਵਾਂ ਵਿੱਚ ਉਪਲਬਧ)



*ਸੁਝਾਅ ਦੇਣ ਵਾਲਾ ਇਹ ਦਸਤਾਵੇਜ ਅਧਿਆਪਕਾਵਾਂ ਡੌਨਾ ਬੇਲੀ, ਅੰਮ੍ਰਿਤ ਕੌਰ, ਅਮਰਜੀਤ ਰਾਇ ਅਤੇ ਹੈਲੇਨ ਜ਼ੀ ਵੱਲੋਂ ਤਿਆਰ ਕੀਤਾ ਗਿਆ।*